USDA United States Department of Agriculture
Farm Service Agency

Fact Sheet
May 2021

# AMERICAN RESCUE PLAN

## ਸਮਾਜਿਕ ਤੌਰ ਤੇ ਵਾਂਝੇ ਉਤਪਾਦਕਾਂ ਲਈ ਉਧਾਰ ਦਾ ਭੁਗਤਾਨ

ਅਮਰੀਕੀ ਬਚਾਅ ਯੋਜਨਾ ਐਕਟ ਸੈਕਸ਼ਨ 1005 ਵਿੱਚ ਕਿਸੇ ਵੀ ਸਮਾਜਿਕ ਤੌਰ ਤੇ ਵਾਂਝੇ ਉਤਪਾਦਕ, ਜਿਸਦਾ FSA ਨਾਲ ਯੋਗਤਾ ਪੂਰਾ ਕਰਨ ਵਾਲਾ ਕਰਜ਼ਾ ਹੈ, ਨੂੰ ਫਾਰਮ ਸਰਵਿਸ (ਸੇਵਾ) ਏਜੰਸੀ (FSA) ਦੇ ਸਿੱਧੇ ਅਤੇ ਗਾਰੰਟੀਸ਼ੁਦਾ ਫਾਰਮ ਕਰਜ਼ੇ ਅਤੇ ਫਾਰਮ ਭੰਡਾਰਨ ਸਹੂਲਤ ਕਰਜ਼ੇ ਲਈ 1 ਜਨਵਰੀ, 2021 ਤੱਕ, ਕਰਜ਼ੇ ਦੇ ਬਕਾਇਆ ਦਾ 120% ਤੱਕ ਦਾ ਭੁਗਤਾਨ ਕਰਨ ਲਈ USDA ਵਾਸਤੇ ਵਿਵਸਥਾਵਾਂ ਸ਼ਾਮਲ ਹਨ। ਇਸ ਵਿੱਚ ਉਹ ਉਤਪਾਦਕ ਸ਼ਾਮਲ ਹਨ ਜੋ ਹੇਠ ਲਿਖਿਆਂ ਵਿੱਚੋਂ ਇੱਕ ਜਾਂ ਵਧੇਰੇ ਹਨ: ਕਾਲਾ/ਅਫਰੀਕੀ ਅਮਰੀਕੀ, ਅਮਰੀਕੀ ਭਾਰਤੀ, ਅਲਾਸਕਾ ਦਾ ਮੂਲ ਵਸਨੀਕ, ਹਿਸਪੈਨਿਕ/ਲੈਟੀਨੋ, ਏਸ਼ੀਅਨ ਅਮਰੀਕੀ ਜਾਂ ਪ੍ਰਸ਼ਾਂਤ ਦਵੀਪ ਦਾ ਰਹਿਣ ਵਾਲਾ। ਅਮਰੀਕੀ ਬਚਾਅ ਯੋਜਨਾ ਐਕਟ, ਸਮਾਜਿਕ ਤੌਰ ਤੇ ਵਾਂਝੇ ਕਿਸਾਨਾਂ ਅਤੇ ਪਸ਼ੂਪਾਲਕਾਂ ਦੀ ਪਰਿਭਾਸ਼ਾ ਦੇ ਰੂਪ ਵਿੱਚ 1990 ਦੇ ਭੋਜਨ, ਖੇਤੀਬਾੜੀ, ਸੰਰਖਣ ਅਤੇ ਵਪਾਰ ਐਕਟ ਦੇ ਸੈਕਸ਼ਨ 2501 ਦੀ ਵਰਤੋਂ ਕਰਦਾ ਹੈ।

120% ਭੁਗਤਾਨ ਕਰਜ਼ੇ ਦੀ ਪੂਰੀ ਕੀਮਤ ਦੀ ਨੁਮਾਇੰਦਗੀ ਕਰਦਾ ਹੈ ਜਿਸ ਵਿੱਚ 1 ਜਨਵਰੀ, 2021 ਤੱਕ ਕਰਜ਼ੇ ਦੇ ਬਕਾਇਆਂ ਪ੍ਰਤੀ 100% ਸ਼ਾਮਲ ਹੈ ਅਤੇ 20% ਹਿੱਸਾ ਟੈਕਸ ਦੀਆਂ ਦੇਣਦਾਰੀਆਂ ਅਤੇ ਕਰਜ਼ੇ ਦੀ ਅਦਾਇਗੀ ਨਾਲ ਜੁੜੀਆਂ ਹੋਰ ਫੀਸਾਂ ਲਈ ਉਪਲੱਬਧ ਹੈ। ਕਰਜ਼ਾ ਲੈਣ ਵਾਲਿਆਂ ਦੁਆਰਾ ਕੀਤੇ ਗਏ ਕਿਸੇ ਵੀ ਭੁਗਤਾਨ ਦੀ ਪੂਰੀ ਅਦਾਇਗੀ 1 ਜਨਵਰੀ ਤੋਂ ਬਾਅਦ ਕੀਤੀ ਜਾਵੇਗੀ।

## ਭਾਗ ਕਿਵੇਂ ਲੈਣਾ ਹੈ

ਯੋਗ ਸਿੱਧਾ ਕਰਜ਼ਾ ਲੈਣ ਵਾਲੇ 24 ਮਈ ਦੇ ਹਫਤੇ ਤੋਂ ਸ਼ੁਰੂ ਕਰਦਿਆਂ, ਨਿਰੰਤਰਤ ਮੇਲ ਵਿੱਚ FSA ਤੋਂ ਕਰਜ਼ਾ ਰਾਹਤ ਪੱਤਰ ਪ੍ਰਾਪਤ ਕਰਨਾ ਸ਼ੁਰੂ ਕਰਨਗੇ। ਗਾਰੰਟੀਸ਼ੁਦਾ ਕਰਜ਼ਾ ਲੈਣ ਵਾਲਿਆਂ ਲਈ ਜਾਣਕਾਰੀ 120 ਦਿਨਾਂ ਦੇ ਅੰਦਰ ਉਪਲੱਬਧ ਹੋਵੇਗੀ।

ਧਿਆਨ ਨਾਲ ਸਮੀਖਿਆ ਕਰਨ ਤੋਂ ਬਾਅਦ, ਯੋਗ ਉਧਾਰ ਲੈਣ ਵਾਲਿਆਂ ਨੂੰ ਪੱਤਰ ਤੇ ਹਸਤਾਖਰ ਕਰਨੇ ਚਾਹੀਦੇ ਹਨ ਜਦੋਂ ਉਹ ਇਸ ਨੂੰ ਪ੍ਰਾਪਤ ਕਰਦੇ ਹਨ ਅਤੇ FSA ਨੂੰ ਵਾਪਸ ਕਰਦੇ ਹਨ। FSA ਦੇ ਕਰਮਚਾਰੀ ਕਰਜ਼ਾ ਲੈਣ ਵਾਲਿਆਂ ਨੂੰ ਉਨ੍ਹਾਂ ਦੇ ਸਵਾਲਾਂ ਦੇ ਜਵਾਬ ਦੇਣ ਲਈ ਮੁਫਤ ਵਿੱਚ ਮਦਦ ਕਰਨਗੇ ਅਤੇ ਉਤਪਾਦਕਾਂ ਨੂੰ ਲੋੜੀਂਦੇ ਦਸਤਾਵੇਜ਼ਾਂ ਨੂੰ ਪੂਰਾ ਕਰਨ ਵਿੱਚ ਮਦਦ ਕਰਨਗੇ। USDA ਭਾਈਚਾਰਾ ਅਧਾਰਤ ਸੰਸਥਾਵਾਂ ਅਤੇ ਯੂਨੀਵਰਸਟੀਆਂ ਨਾਲ ਪਹੁੰਚ, ਤਕਨੀਕੀ ਸਹਾਇਤਾ ਅਤੇ ਕਰਜ਼ਾ ਲੈਣ ਵਾਲਿਆਂ ਨੂੰ ਵਿੱਤੀ, ਕਾਨੂੰਨੀ ਅਤੇ ਟੈਕਸ ਯੋਜਨਾ ਸੇਵਾਵਾਂ ਤੱਕ ਪਹੁੰਚ ਪ੍ਰਦਾਨ ਕਰਨ ਲਈ ਮਿਲ ਕੇ ਕੰਮ ਕਰੇਗੀ। ਇਸ ਬਾਰੇ ਵੇਰਵੇ ਹਰੇਕ ਪੱਤਰ ਵਿੱਚ ਦਿੱਤੇ ਜਾਂਦੇ ਹਨ ਕਿ FSA ਨਾਲ ਮੀਟਿੰਗ ਕਰਨ ਲਈ ਕਿਵੇਂ ਬੇਨਤੀ ਕੀਤੀ ਜਾਵੇ।

ਜੇ ਤੁਸੀਂ FSA ਤੇ ਫਾਈਲ ਵਿੱਚ ਆਪਣੇ ਜਨਸਾਂਖਕੀ ਅਹੁਦੇ ਬਾਰੇ ਨਿਸ਼ਚਿਤ ਨਹੀਂ ਹੋ, ਤਾਂ ਤੁਸੀਂ ਆਪਣੇ ਰਿਕਾਰਡ 'ਤੇ ਆਪਣੇ ਵਰਗੀਕਰਣ ਦੀ ਤਸਦੀਕ ਕਰਨ ਲਈ ਆਪਣੇ ਸਥਾਨਕ ਸੇਵਾ ਕੇਂਦਰ ਨਾਲ ਸੰਪਰਕ ਕਰ ਸਕਦੇ ਹੋ। ਜੇ ਕਿਸੇ ਅਪਡੇਟ ਜਾਂ ਸੁਧਾਰ ਕਰਨ ਦੀ ਜ਼ਰੂਰਤ ਪੈਂਦੀ ਹੈ, ਤਾਂ ਤੁਸੀਂ ਜਾਂ ਤਾਂ **USDA ਫਾਰਮ AD-2047** ਭਰ ਸਕਦੇ ਹੋ ਜਾਂ ਆਪਣੇ **ਸਥਾਨਕ ਸੇਵਾ ਕੇਂਦਰ** ਨਾਲ ਨਸਲ ਅਤੇ ਜਾਤੀ ਸਮੇਤ ਆਪਣੇ ਰਿਕਾਰਡ ਨੂੰ ਅਪਡੇਟ ਕਰਨ ਲਈ ਕੰਮ ਕਰ ਸਕਦੇ ਹੋ।



USDA United States Department of Agriculture

# ਅਮਰੀਕੀ ਬਚਾਅ ਯੋਜਨਾ
# ਉਧਾਰ ਦੇ ਭੁਗਤਾਨ

### ਹੁਣੇ

ਜੇ ਤੁਸੀਂ FSA ਤੇ ਫਾਈਲ ਵਿੱਚ ਆਪਣੇ ਜਨਸਾਂਖਕੀ ਅਹੁਦੇ ਬਾਰੇ ਨਿਸ਼ਚਿਤ ਨਹੀਂ ਹੋ, ਤਾਂ ਤੁਸੀਂ ਰਿਕਾਰਡ ਤੇ ਆਪਣੇ ਵਰਗੀਕਰਣ ਦੀ ਤਸਦੀਕ ਕਰਨ ਲਈ ਆਪਣੇ ਸਥਾਨਕ ਸੇਵਾ ਕੇਂਦਰ ਨਾਲ ਸੰਪਰਕ ਕਰ ਸਕਦੇ ਹੋ। ਜੇ ਕਿਸੇ ਅਪਡੇਟ ਜਾਂ ਸੁਧਾਰ ਕਰਨ ਦੀ ਜ਼ਰੂਰਤ ਪੈਂਦੀ ਹੈ ਤਾਂ ਤੁਸੀਂ ਜਾਂ ਤਾਂ USDA ਫਾਰਮ AD-2047 ਨੂੰ ਪੂਰਾ ਕਰ ਸਕਦੇ ਹੋ ਜਾਂ ਆਪਣੇ ਸਥਾਨਕ ਸੇਵਾ ਕੇਂਦਰ ਨਾਲ ਨਸਲ ਅਤੇ ਜਾਤੀ ਸਮੇਤ ਆਪਣੇ ਰਿਕਾਰਡ ਨੂੰ ਅਪਡੇਟ ਕਰਨ ਲਈ ਕੰਮ ਕਰ ਸਕਦੇ ਹੋ। ਤੁਹਾਨੂੰ ਆਪਣੇ ਕਰਜ਼ੇ ਦੇ ਦਸਤਾਵੇਜ਼ਾਂ ਅਤੇ ਭੁਗਤਾਨ ਦੇ ਇਤਿਹਾਸ ਦੀ ਵੀ ਸਮੀਖਿਆ ਕਰਨੀ ਚਾਹੀਦੀ ਹੈ ਅਤੇ ਫਿਰ ਆਪਣੇ ਰਿਕਾਰਡਾਂ ਦੀ ਤੁਲਨਾ ਉਨ੍ਹਾਂ ਰਿਕਾਰਡਾਂ ਨਾਲ ਕਰਨੀ ਚਾਹੀਦੀ ਹੈ ਜੋ ਉਸ ਪੱਤਰ ਵਿੱਚ ਵਰਣਨ ਕੀਤੇ ਜਾਣਗੇ ਜੋ ਤੁਸੀਂ FSA ਤੋਂ ਪ੍ਰਾਪਤ ਕਰੋਗੇ।

### ਮਈ 24 ਦੇ ਹਫਤੇ ਤੋਂ ਲੈਕੇ ਜੂਨ ਤੱਕ

ਬਹੁਤੇ ਯੋਗ ਸਿੱਧਾ ਕਰਜ਼ਾ ਲੈਣ ਵਾਲਿਆਂ ਨੂੰ FSA ਤੋਂ ਇੱਕ ਪੱਤਰ ਪ੍ਰਾਪਤ ਹੋਵੇਗਾ ਜਿਸ ਵਿੱਚ FSA ਦੇ ਉਨ੍ਹਾਂ ਕਰਜ਼ਿਆਂ ਦੇ ਬਕਾਇਆਂ ਦੀ ਰੂਪ ਰੇਖਾ ਦਿੱਤੀ ਜਾਵੇਗੀ, ਜਿਨ੍ਹਾਂ ਦਾ ਭੁਗਤਾਨ ਕੀਤਾ ਜਾਵੇਗਾ ਅਤੇ ਭੁਗਤਾਨ ਦੀ ਉਹ ਰਕਮ ਜੋ ਕਰਜ਼ਾ ਲੈਣ ਵਾਲੇ ਪ੍ਰਾਪਤ ਕਰਨਗੇ, ਜਿਸ 'ਤੇ ਉਨ੍ਹਾਂ ਨੂੰ ਦਸਤਖਤ ਕਰਨ ਅਤੇ ਵਾਪਸ ਕਰਨ ਦੀ ਜ਼ਰੂਰਤ ਹੋਵੇਗੀ। ਗਾਰੰਟੀਸ਼ੁਦਾ ਕਰਜ਼ਾ ਲੈਣ ਵਾਲਿਆਂ ਲਈ ਜਾਣਕਾਰੀ 120 ਦਿਨਾਂ ਦੇ ਅੰਦਰ ਉਪਲੱਬਧ ਹੋਵੇਗੀ।

### ਚੱਲ ਰਿਹਾ

ਜੇ ਤੁਸੀਂ ਪੱਤਰ ਨਾਲ ਸਹਿਮਤ ਹੋ, ਤਾਂ ਤੁਹਾਨੂੰ ਇਸ ਤੇ ਦਸਤਖਤ ਕਰਕੇ ਇਸ ਨੂੰ ਦਿੱਤੇ ਪੱਤੇ 'ਤੇ FSA ਨੂੰ ਵਾਪਸ ਕਰਨਾ ਚਾਹੀਦਾ ਹੈ। ਦਸਤਖਤ ਕੀਤੇ ਪੱਤਰ ਨੂੰ ਆਪਣੇ ਸਥਾਨਕ FSA ਸੇਵਾ ਕੇਂਦਰ ਵਿੱਚ ਹੱਥੀ ਵੀ ਸੌਂਪਿਆ ਜਾ ਸਕਦਾ ਹੈ। ਯੋਗ ਸਿੱਧਾ ਕਰਜ਼ਾ ਲੈਣ ਵਾਲੇ ਆਪਣੇ ਸਥਾਨਕ FSA ਸੇਵਾ ਕੇਂਦਰ ਨਾਲ ਸੰਪਰਕ ਕਰ ਸਕਦੇ ਹਨ ਜੇ ਉਨ੍ਹਾਂ ਦੇ ਕੋਈ ਸਵਾਲ ਹਨ ਜਾਂ ਪੱਤਰ ਦੀ ਸਮੀਖਿਆ ਕਰਨ ਵਿੱਚ ਮਦਦ ਲੈਣ ਦੀ ਜ਼ਰੂਰਤ ਪੈਂਦੀ ਹੈ।

### ਜੂਨ

FSA ਭੁਗਤਾਨ ਕਰਨ ਲਈ ਦਸਤਖਤ ਕੀਤੇ ਪੱਤਰਾਂ ਤੇ ਪ੍ਰਕਿਰਿਆ ਕਰਨਾ ਸ਼ੁਰੂ ਕਰ ਦਿੰਦਾ ਹੈ। ਦਸਤਖਤ ਕੀਤੇ ਪੱਤਰ ਦੇ ਪ੍ਰਾਪਤ ਹੋਣ ਤੋਂ ਲਗਭਗ ਤਿੰਨ ਹਫ਼ਤਿਆਂ ਬਾਅਦ, ਯੋਗ ਸਿੱਧਾ ਕਰਜ਼ਾ ਲੈਣ ਵਾਲੇ ਜੋ ਯੋਗ ਹੁੰਦੇ ਹਨ, ਉਨ੍ਹਾਂ ਦੇ ਯੋਗ ਕਰਜ਼ਾ ਬਕਾਇਆ ਅਦਾ ਕੀਤੇ ਜਾਣਗੇ ਅਤੇ ਸਿੱਧੇ ਜਮ੍ਹਾਂ ਰਾਹੀਂ ਆਪਣੇ ਕੁੱਲ ਯੋਗ ਕਰਜ਼ੇ ਦੇ 20% ਦਾ ਭੁਗਤਾਨ ਪ੍ਰਾਪਤ ਕਰਨਗੇ, ਜਿਸਦੀ ਵਰਤੋਂ ਟੈਕਸ ਦੇਣਦਾਰੀਆਂ ਅਤੇ ਕਰਜ਼ੇ ਦੇ ਭੁਗਤਾਨ ਨਾਲ ਜੁੜੀਆਂ ਹੋਰ ਫੀਸਾਂ ਲਈ ਕੀਤੀ ਜਾ ਸਕਦੀ ਹੈ।

### ਜੁਲਾਈ ਮੱਧ ਤੱਕ

ਜੇ ਕਿਸੇ ਯੋਗ ਸਿੱਧਾ ਕਰਜ਼ਾ ਲੈਣ ਵਾਲੇ ਨੂੰ ਕੋਈ ਪੱਤਰ ਨਹੀਂ ਮਿਲਿਆ ਜਾਂ ਤੁਹਾਡੇ ਦੁਆਰਾ FSA ਨੂੰ ਦਸਤਖਤ ਕੀਤਾ ਪੱਤਰ ਭੇਜਣ ਤੋਂ ਬਾਅਦ ਤਿੰਨ ਹਫਤੇ ਤੋਂ ਵੱਧ ਸਮਾਂ ਬੀਤ ਗਿਆ ਹੈ, ਤਾਂ ਆਪਣੇ ਸਥਾਨਕ FSA ਸੇਵਾ ਕੇਂਦਰ ਨਾਲ ਸੰਪਰਕ ਕਰੋ।

Farmers.gov/AmericanRescuePlan

## ਯੋਗ ਕਰਜ਼ੇ

ਯੋਗ ਕਰਜ਼ੇ ਉਹ ਹਨ:

- ਜੋ FSA ਦੁਆਰਾ ਸਿੱਧੇ ਤੌਰ 'ਤੇ ਦਿੱਤੇ ਗਏ ਹਨ, ਜਿਸ ਵਿੱਚ ਫਾਰਮ ਭੰਡਾਰਨ ਸਹੂਲਤ ਕਰਜ਼ੇ, ਸਿੱਧਾ ਫਾਰਮ ਮਲਕੀਅਤ ਕਰਜ਼ੇ, ਛੋਟੇ (ਮਾਈਕਰੋ) ਕਰਜ਼ੇ ਅਤੇ ਨੌਜਵਾਨ (ਯੁਥ) ਕਰਜ਼ੇ, ਐਮਰਜੈਂਸੀ ਕਰਜ਼ੇ, ਸੰਰਖਣ ਕਰਜ਼ੇ ਅਤੇ ਮਿੱਟੀ ਅਤੇ ਪਾਣੀ ਦੇ ਕਰਜ਼ੇ ਸਮੇਤ ਫਾਰਮ ਸੰਚਾਲਨ ਕਰਜ਼ੇ ਸ਼ਾਮਲ ਹਨ; ਅਤੇ
- FSA ਦੁਆਰਾ ਗਾਰੰਟੀਸ਼ੁਦਾ ਅਤੇ ਕਿਸੇ ਕਰਜ਼ਦਾਤਾ ਦੁਆਰਾ ਦਿੱਤੇ ਗਏ ਹਨ, ਜਿਸ ਵਿੱਚ ਫਾਰਮ ਮਲਕੀਅਤ ਕਰਜ਼ੇ, ਫਾਰਮ ਸੰਚਾਲਨ ਕਰਜ਼ੇ ਅਤੇ ਸੰਰਖਣ ਕਰਜ਼ੇ ਸ਼ਾਮਲ ਹਨ।

ਦੋਨੋਂ ਸਮੇਂ ਤੇ ਮੁੜ-ਭੁਗਤਾਨ ਨਾ ਹੋਏ ਕਰਜ਼ੇ ਅਤੇ ਮੌਜੂਦਾ ਕਰਜ਼ੇ ਯੋਗ ਹਨ। ਇਨ੍ਹਾਂ ਕਿਸਮਾਂ ਦੇ ਕਰਜ਼ਿਆਂ ਨਾਲ ਜੁੜੇ ਕਰਜ਼ੇ ਜੋ ਔਫਸੈਟ ਜਾਂ ਇਕੱਤਰਤਾ ਲਈ ਸੰਦਰਭਿਤ ਕੀਤੇ ਗਏ ਹਨ, ਵੀ ਯੋਗ ਹਨ।

ਮਾਰਕੀਟ ਸਹਾਇਤਾ ਕਰਜ਼ੇ ਅਤੇ ਪੇਂਡੂ ਵਿਕਾਸ ਕਰਜ਼ੇ ਸਮੇਤ ਕੁਝ USDA ਕਰਜ਼ੇ ਯੋਗ ਨਹੀਂ ਹਨ। ਨਾਲ ਹੀ, ਵਪਾਰਕ ਕਰਜ਼ਦਾਤਾਵਾਂ, ਜਿਵੇਂ ਕਿ ਬੈਂਕਾਂ, ਕ੍ਰੈਡਿਟ ਯੂਨੀਅਨਾਂ ਜਾਂ ਫਾਰਮ ਕ੍ਰੈਡਿਟ ਸੰਸਥਾਵਾਂ ਤੋਂ ਲਏ ਗਏ ਕਰਜ਼ੇ ਜਿਨ੍ਹਾਂ ਵਿੱਚ FSA ਗਾਰੰਟੀ ਸ਼ਾਮਲ ਨਹੀਂ ਹੁੰਦੀ, ਯੋਗ ਨਹੀਂ ਹਨ।

## ਹੋਰ ਜਾਣੋ

ਅਮਰੀਕੀ ਬਚਾਅ ਯੋਜਨਾ ਐਕਟ ਕਰਜ਼ੇ ਤੋਂ ਰਾਹਤ ਅਤੇ ਲੰਮੇਸਮੇਂ ਦੀ ਨਸਲੀ ਬਰਾਬਰੀ ਦੇ ਕੰਮ ਦੇ ਪ੍ਰੋਗਰਾਮ ਦੇ ਨਾਲ ਸਮਾਜਿਕ ਤੌਰ ਤੇ ਵਾਂਝੇ ਉਤਪਾਦਕਾਂ ਵਿੱਚ ਵਿਤਕਰੇ ਦੇ ਸਮੂਹਿਕ ਪ੍ਰਭਾਵਾਂਨੂੰ ਸੰਬੋਧਿਤ ਕਰਨ ਦੀ ਕੋਸ਼ਿਸ਼ ਕਰਦਾ ਹੈ।

ਅਕਸਰ ਪੁੱਛੇ ਜਾਂਦੇ ਸਵਾਲਾਂ ਸਮੇਤ ਵਧੇਰੇ ਜਾਣਕਾਰੀ ਅਤੇ ਸਰੋਤਾਂ ਤੇ ਜਾਣਕਾਰੀ, ਹੇਠ ਦਿੱਤਿਆਂ ਤੇ ਉਪਲੱਬਧ ਹੈ:

**Farmers.gov/AmericanRescuePlan.**

**ਜੇ ਤੁਹਾਨੂੰ ਵਾਧੂ ਸਹਾਇਤਾ ਦੀ ਜ਼ਰੂਰਤ ਹੈ, ਤਾਂ ਸਾਡਾ ਕਾਲ ਸੈਂਟਰ 877-508-8364 ਤੇ ਉਪਲੱਬਧ ਹੈ**



USDA ਇੱਕ ਬਰਾਬਰ ਮੌਕਾ ਪ੍ਰਦਾਨ ਕਰਨ ਵਾਲਾ, ਰੁਜ਼ਗਾਰਦਾਤਾ ਅਤੇ ਕਰਜ਼ਦਾਤਾ ਹੈ।